ਮਤਾ ਨੰਬਰ:-207

ਵਿਸ਼ਾ:- P/L of 3" dia GI Pipe Line in various Streets of Bagh Karam Baksh Ward No. 55 ਸਬੰਧੀ ਕੰਮ ਦੀ ਸਾਈਟ ਚੇਂਜ ਕਰਕੇ ਆਵਾਂ ਮੁੱਹਲਾ ਵਿਖੇ ਕੰਮ ਕਰਵਾਉਣ ਦੀ ਪ੍ਰਵਾਨਗੀ ਬਾਰੇ।

ਤਖਮੀਨਾ ਰੁਪਏ	7,61,698/-	
ਟੈਂਡਰ ਅਮਾਉਂਟ ਰੁਪਏ	7,46,387/-	ਸੇਵਿੰਗ 2.01%
ਅਜੰਸੀ ਦਾ ਨਾਮ	M/s Swarn Singh Contractor	

ਵਿਸ਼ੇ ਅਧੀਨ ਕੰਮ ਕਰਵਾਉਣ ਵਾਸਤੇ ਤਖਮੀਨਾ ਓ.ਐਂਡ.ਐਮ ਸ਼ਾਖਾ ਵਲੋਂ ਤਿਆਰ ਕੀਤਾ ਗਿਆ ਸੀ, ਜਿਸ ਨੂੰ ਨਗਰ ਨਿਗਮ ਹਾਊਸ ਵਲੋਂ ਮਤਾ ਨੰਬਰ 48(5) ਮਿਤੀ 08-06-2022 ਰਾਹੀਂ ਪ੍ਰਵਾਨ ਕੀਤਾ ਗਿਆ ਸੀ। ਇਸ ਕੰਮ ਦੇ ਟੈਂਡਰ ਈ-ਟੈਂਡਰਿੰਗ ਰਾਹੀਂ ਮਿਤੀ 25-07-2022 ਲਈ ਮੰਗਣ ਉਪਰੰਤ ਘੱਟ ਰੇਟ ਦਾ ਟੈਂਡਰ ਉਕਤ ਠੇਕੇਦਾਰ ਦਾ ਪ੍ਰਾਪਤ ਹੋਇਆ ਸੀ, ਜਿਸ ਨੂੰ ਕਮਿਸ਼ਨਰ ਸਾਹਿਬ (ਐਡਮਿਨਿਸਟ੍ਰੇਟਰ) ਜੀ ਵਲੋਂ ਮਤਾ ਨੰਬਰ 45(8) ਮਿਤੀ 14-06-2023 ਰਾਹੀਂ ਪ੍ਰਵਾਨ ਕੀਤਾ ਗਿਆ ਸੀ। ਇਸ ਉਪਰੰਤ ਪੱਤਰ ਨੰਬਰ CE/ET/OM/03 ਮਿਤੀ 27-06-2023 ਰਾਹੀਂ ਠੇਕੇਦਾਰ ਨੂੰ ਵਰਕ ਆਰਡਰ ਜਾਰੀ ਕਰਕੇ ਇਕਰਾਰਨਾਮਾ ਕੀਤਾ ਗਿਆ ਸੀ ਅਤੇ ਕੰਮ ਪੂਰਾ ਕਰਨ ਲਈ 3 ਮਹੀਨੇ ਦਾ ਸਮਾਂ ਦਿੱਤਾ ਗਿਆ ਸੀ।

ਇਥੇ ਇਹ ਦਸਣ ਯੋਗ ਹੈ ਕਿ ਜੋਨ ਨੰਬਰ 1 ਜੇ.ਈ ਅਤੇ ਐਸ.ਡੀ.ਓ ਵਲੋਂ ਲਿਖਤੀ ਰਿਪੋਰਟ ਕੀਤੀ ਗਈ ਹੈ ਕਿ ਵਾਰਡ ਨੰਬਰ 55 ਬਾਗ ਕਰਮ ਬਖਸ਼ ਵਿਖੇ ਨਗਰ ਨਿਗਮ ਦੀ ਵਾਟਰ ਸਪਲਾਈ ਟੀਮ ਵਲੋਂ ਪਾਣੀ ਦੇ ਫਾਲਟ ਲੱਭਣ ਕਰਕੇ ਇਥੇ ਗੰਦੇ ਪਾਣੀ ਦੀ ਸ਼ਿਕਾਇਤ ਦਾ ਨਿਪਟਾਰਾ ਕਰਵਾ ਦਿੱਤਾ ਗਿਆ ਹੈ ਅਤੇ ਨਾਲ ਹੀ ਹਲਕਾ ਇੰਚਾਰਜ ਜੋ ਕਿ ਖੁੱਦ ਇਸ ਇਲਾਕੇ ਦੇ ਵਸਨੀਕ ਹਨ, ਉਨ੍ਹਾਂ ਵਲੋਂ ਵੀ ਇਥੇ ਨਵੀਆਂ ਸੜਕਾਂ ਬਣਨ ਕਰਕੇ ਇਸ ਕੰਮ ਨੂੰ ਨਾ ਕਰਨ ਦੀ ਹਦਾਇਤ ਕੀਤੀ ਹੈ ਅਤੇ ਉਨ੍ਹਾਂ ਵਲੋਂ ਆਪਣੇ ਪੱਤਰ ਰਾਹੀਂ ਲਿਖਿਆ ਹੈ ਕਿ ਬਾਗ ਕਰਮ ਬਖਸ਼ ਵਾਲਾ ਪਾਸ ਹੋਏ ਕੰਮ ਦੀ ਸਾਈਟ ਚੇਂਜ ਕਰਕੇ ਇਸ ਕੰਮ ਨੂੰ ਆਵਾਂ ਮੁੱਹਲਾ ਵਿਖੇ ਕਰਵਾਇਆ ਜਾਵੇ ਕਿਉਂ ਕਿ ਆਵਾਂ ਮੁੱਹਲਾ ਵਿਖੇ ਵਾਟਰ ਸਪਲਾਈ ਦੀ ਪਾਈਪਾਂ ਕਾਫੀ ਪੁਰਾਣੀਆਂ ਹੋਣ ਕਾਰਨ ਗੱਲ ਚੁੱਕੀਆਂ ਹਨ।

ਇਸ ਲਈ ਰਿਪੋਰਟ ਅਨੁਸਾਰ ਵਾਰਡ ਨੰਬਰ 55 ਦੇ ਇਲਾਕਾ ਕਰਮ ਬਖਸ਼ ਵਿਖੇ 3" ਡਾਇਆ ਦੀ ਜੀ.ਆਈ ਪਾਈਪ ਪਾਉਣ ਸਬੰਧੀ ਪ੍ਰਵਾਨ ਹੋਏ ਕੰਮ ਦੀ ਸਾਈਟ ਚੇਂਜ ਕਰਕੇ ਇਹ ਕੰਮ ਆਵਾਂ ਮੁੱਹਲਾ ਵਿਖੇ ਕਰਵਾਉਣ ਦੀ ਸਿਫਾਰਸ਼ ਕੀਤੀ ਜਾਂਦੀ ਹੈ । ਕਾਰਜਕਾਰੀ ਇੰਜੀਨੀਅਰ (ਓ.ਐਂਡ.ਐਮ) ਅਤੇ ਨਿਗਰਾਨ ਇੰਜੀਨੀਅਰ (ਓ.ਐਂਡ.ਐਮ) ਨੇ ਸਾਇਟ ਚੇਜਂ ਕਰਨ ਦੀ ਸ਼ਿਫਾਰਸ਼ ਕੀਤੀ ਹੈ। ਜਿਸ ਨਾਲ ਵਧੀਕ ਕਮਿਸ਼ਨਰ ਨੇ ਸਹਿਮਤੀ ਹਸਤਾਖਰ ਕੀਤੇ ਹਨ।ਇਸ ਤਜਵੀਜ ਦੀ ਮਾਨਯੋਗ ਐਡਮਿਨਿਸਟ੍ਰੇਟਰ ਜੀ ਦੀ ਪ੍ਰਸ਼ਾਸਕੀ ਪ੍ਰਵਾਨਗੀ ਹਿੱਤ ਭੇਜਣ ਦੀ ਸਿਫਾਰਸ਼ ਕੀਤੀ ਹੈ। ਕਮਿਸ਼ਨਰ ਜੀ ਨੇ ਲਿਖਿਆ ਹੈ ਕਿ subject to provisions of Municipal Act and no financial implication for same. SE(O&M) to ensure new estimate be submitted for same. ਇੱਥੇ ਇਹ ਵਰਨਣ ਯੋਗ ਹੈ ਕਿ ਸਥਾਨਕ ਸਰਕਾਰ ਵਿਭਾਗ, ਪੰਜਾਬ, ਚੰਡੀਗੜ੍ਹ ਦੇ ਨੋਟੀਫੀਕੇਸ਼ਨ ਨੰ: 02.01.2023-5LG1/68 ਮਿਤੀ 25-01-2023 ਰਾਹੀਂ ਨਗਰ ਨਿਗਮ ਹਾਊਸ ਦੀ ਮਿਆਦ ਮਿਤੀ 24.1.2023 ਨੂੰ ਖਤਮ ਹੋਣ ਉਪਰੰਤ ਪੰਜਾਬ ਮਿਊਂਸਪਲ ਕਾਰਪੋਰੇਸ਼ਨ ਐਕਟ-1976 ਦੀ ਧਾਰਾ 407-ਏ ਉੱਪ-ਧਾਰਾ-1 ਤਹਿਤ ਨਗਰ ਨਿਗਮ ਹਾਊਸ ਦੀਆਂ ਉਕਤ ਐਕਟ ਵਿੱਚ ਦਰਜ ਸਾਰੀਆਂ ਸ਼ਕਤੀਆਂ ਨੂੰ ਇਸਤੇਮਾਲ ਕਰਨ ਲਈ ਕਮਿਸ਼ਨਰ, ਨਗਰ ਨਿਗਮ ਨੂੰ ਬਤੌਰ ਐਡਮਿਨਿਸਟ੍ਰੇਟਰ ਨਿਯੁਕਤ ਕੀਤਾ ਹੈ। ਤਜ਼ਵੀਜ਼ ਮਾਨਯੋਗ ਐਡਮਿਨਿਸਟਰੇਟਰ ਜੀ ਦੀ ਪ੍ਰਵਾਨਗੀ ਹਿੱਤ ਪੇਸ਼ ਹੈ ਜੀ।

ਤਜ਼ਵੀਜ਼ ਮਾਨਯੋਗ ਐਡਮਿਨਿਸਟ੍ਰੇਟਰ ਜੀ ਦੀ ਪ੍ਰਸ਼ਾਸਕੀ ਪ੍ਰਵਾਨਗੀ ਹਿੱਤ ਪੇਸ਼ ਹੈ ਜੀ।

ਫੈਸਲਾ:

ਪ੍ਰਵਾਨ ਹੈ ।

ਸਹੀ/—ਗੌਤਮ ਜੈਨ, ਆਈ.ਏ.ਐਸ.

ਐਡਮਿਨਿਸਟ੍ਰੇਟਰ,

ਨਗਰ ਨਿਗਮ ਜਲੰਧਰ

18.7.2024